



ਪੱਤਰਕਾਰਾਂ ਦੇ ਰੂਬਰੂ ਹੋਏ ਐਸ. ਐਸ. ਪੀ. ਡਾ. ਸੰਦੀਪ ਗਰਗ ਬਰਾਮਦ ਹਥਿਆਰਾਂ ਸਮੇਤ ਜਾਣਕਾਰੀ ਦੇਣ ਮੌਕੇ। (ਸੱਜੇ) ਮੁਲਜ਼ਮ ਨੂੰ ਅਦਾਲਤ 'ਚ ਪੇਸ਼ੀ ਲਈ ਲੈ ਕੇ ਜਾ ਰਹੇ ਪੁਲਿਸ ਮੁਲਾਜ਼ਮ।

# ਰੂਪਨਗਰ ਪੁਲਿਸ ਵਲੋਂ ਹਥਿਆਰ ਸਪਲਾਈ ਕਰਨ ਵਾਲਾ 7 ਗੈਰ ਕਾਨੂੰਨੀ ਹਥਿਆਰਾਂ ਸਮੇਤ ਕਾਬੂ

## ▶▶ਪੜਤਾਲ ਦੌਰਾਨ ਅਹਿਮ ਖ਼ੁਲਾਸੇ ਹੋਣ ਦੀ ਸੰਭਾਵਨਾ-ਡਾ. ਸੰਦੀਪ ਗਰਗ

ਰੂਪਨਗਰ, 8 ਅਪ੍ਰੈਲ (ਸਤਨਾਮ ਸਿੰਘ ਸੱਤੀ)-ਪੰਜਾਬ ਪੁਲਿਸ ਵਲੋਂ ਗੈਂਗਸਟਰਾਂ ਤੇ ਗੈਰ-ਕਾਨੂੰਨੀ ਹਥਿਆਰਾਂ ਦੀ ਖਰੀਦ ਵੇਚ ਵਿਰੁੱਧ ਚਲਾਈ ਗਈ ਮੁਹਿੰਮ ਤਹਿਤ ਰੂਪਨਗਰ ਪੁਲਿਸ ਨੇ 25 ਸਾਲਾ ਨੌਜਵਾਨ 7 ਗੈਰ-ਕਾਨੂੰਨੀ ਹਥਿਆਰਾਂ (ਪਿਸਟਲ/ਦੇਸੀ ਕੱਟਿਆ) ਸਮੇਤ ਕਾਬੂ ਕੀਤਾ ਹੈ ਪਰ ਇਹ ਨੌਜਵਾਨ ਲੁਧਿਆਣਾ ਤੋਂ ਰੂਪਨਗਰ ਤੱਕ ਇੰਨੇ ਹਥਿਆਰ ਲੈ ਕੇ ਕਿਵੇਂ ਪੁੱਜਾ, ਇਹ ਬੁਝਾਰਤ ਬਣ ਗਿਆ ਹੈ ਪਰ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਜਾਂਚ ਅਰੰਭ ਦਿੱਤੀ ਗਈ ਹੈ। ਇਸ ਬਾਰੇ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਐਸ. ਐਸ. ਪੀ. ਰੂਪਨਗਰ ਡਾ. ਸੰਦੀਪ ਕੁਮਾਰ ਗਰਗ ਨੇ ਦੱਸਿਆ ਕਿ ਐਸ. ਪੀ. (ਡੀ) ਹਰਬੀਰ ਸਿੰਘ ਅਟਵਾਲ ਤੇ ਡੀ. ਐਸ. ਪੀ. (ਡਿਟੈਕਟਿਵ) ਜਰਨੈਲ ਸਿੰਘ ਦੀ ਅਗਵਾਈ ਹੇਠ ਇੰਚਾਰਜ ਸੀ. ਆਈ. ਏ. ਇੰਸਪੈਕਟਰ ਸਤਨਾਮ ਸਿੰਘ ਤੇ ਉਨ੍ਹਾਂ ਦੀ ਟੀਮ ਵਲੋਂ ਗੋਲੂ ਰਾਜਪੂਤ ਪੁੱਤਰ ਨਾਕੁਲ ਸਿੰਘ ਵਾਸੀ ਭਗਤ ਸਿੰਘ ਨਗਰ ਥਾਣਾ ਦੁੱਗਰੀ ਜ਼ਿਲ੍ਹਾ ਲੁਧਿਆਣਾ ਨੂੰ ਕਾਬੂ ਕਰਕੇ ਉਸ ਪਾਸੋਂ 03 ਪਿਸਤੌਲ 32 ਬੋਰ, 01 ਦੇਸੀ ਕੱਟਾ 32 ਬੋਰ, 01 ਦੇਸੀ ਕੱਟਾ 12 ਬੋਰ, 2 ਦੇਸੀ ਕੱਟੇ 315 ਬੋਰ ਤੇ 8 ਕਾਰਤੂਸ ਜਿੰਦਾ 32 ਬੋਰ, 01 ਕਾਰਤੂਸ ਜਿੰਦਾ 12 ਬੋਰ, 02 ਕਾਰਤੂਸ ਜਿੰਦਾ 315 ਬੋਰ ਬਰਾਮਦ ਕੀਤੇ ਹਨ। ਇਹ ਹਥਿਆਰ ਕਾਸਿਮ ਨਾਂਅ ਦੇ ਵਿਅਕਤੀ ਤੋਂ ਹਾਸਲ ਕੀਤੇ ਦੱਸਿਆ ਗਿਆ ਹੈ। ਡਾ. ਗਰਗ ਨੇ ਅੱਗੇ ਦੱਸਿਆ ਕਿ ਸਬ-ਇੰਸਪੈਕਟਰ ਅਵਤਾਰ ਸਿੰਘ ਸਮੇਤ ਪੁਲਿਸ ਪਾਰਟੀ ਵਲੋਂ ਪਿੰਡ

### ਲੁਧਿਆਣਾ ਤੋਂ ਹਥਿਆਰ ਲੈ ਕੇ ਰੂਪਨਗਰ ਤੱਕ ਪੁੱਜਣ ਦਾ ਸਫ਼ਰ ਪੁਲਿਸ ਲਈ ਪਹੇਲੀ ਬਣਿਆ

ਅਹਿਮਦਪੁਰ ਦੇ ਸਾਹਮਣੇ ਫਲਾਈ ਓਵਰ ਦੇ ਹੇਠਲੇ ਪਾਸੇ ਤੋਂ ਸ਼ੱਕ ਦੀ ਬਿਨਾਅ 'ਤੇ ਗੋਲੂ ਰਾਜਪੂਤ ਨੂੰ ਕਾਬੂ ਕਰਕੇ ਪੁੱਛਗਿੱਛ ਕੀਤੀ ਗਈ ਤਾਂ ਉਸ ਪਾਸੋਂ ਇਹ ਹਥਿਆਰ ਬਰਾਮਦ ਹੋਏ। ਉਪਰੰਤ ਮੁਲਜ਼ਮ ਦੇ ਖ਼ਿਲਾਫ਼ ਮੁਕੱਦਮਾ ਥਾਣਾ ਸਦਰ ਰੂਪਨਗਰ ਵਿਖੇ ਦਰਜ ਕਰਕੇ ਤਫ਼ਤੀਸ਼ ਅਮਲ 'ਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਦੇ ਸੰਬੰਧਾਂ ਦੀ ਲੜੀ ਜੇਲ੍ਹ 'ਚ ਬੰਦ ਬੱਗਾ ਖ਼ਾਨ ਗੈਂਗਸਟਰ ਤੋਂ ਆਰੰਭ ਹੋਈ ਹੈ ਪਰ ਇਹ ਕੋਈ ਵੱਡਾ ਗਰੋਹ ਹੋਣ ਵੱਲ ਇਸ਼ਾਰਾ ਕਰਦਾ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਮੁਲਜ਼ਮ ਪਾਸੋਂ ਮੁਕੱਦਮਾ ਉਕਤ 'ਚ ਬਰਾਮਦ ਨਾਜਾਇਜ਼ ਅਸਲ੍ਹਾ ਤੇ ਗੋਲੀ ਸਿੱਕਾ ਕਿਥੋਂ, ਕਿਸ ਵਿਅਕਤੀ ਪਾਸੋਂ ਤੇ ਕਿਸ ਮਕਸਦ ਲਈ ਲਿਆਂਦੇ ਗਏ ਅਤੇ ਅੱਗੇ ਕਿਸ ਵਿਅਕਤੀ ਨੂੰ ਦੇਣੇ ਸਨ ਜਾਂ ਇਨ੍ਹਾਂ ਹਥਿਆਰਾਂ ਨਾਲ ਕਿਸ ਵਾਰਦਾਤ ਨੂੰ ਅੰਜਾਮ ਦੇਣਾ ਸੀ ਬਾਰੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਡਾ. ਗਰਗ ਨੇ ਭਰੋਸਾ ਦਵਾਉਂਦਿਆਂ ਕਿਹਾ ਕਿ ਇਸ ਸਮੇਂ ਜ਼ਿਲ੍ਹਾ ਰੂਪਨਗਰ 'ਚ ਕੋਈ ਵੀ ਗੈਂਗਸਟਰ ਨਹੀਂ ਹੈ ਤੇ ਜ਼ਿਆਦਾਤਰ ਅਪਰਾਧਕ ਪਿਛੋਕੜ ਵਾਲੇ ਸ਼ਰਾਰਤੀ ਅਨਸਰ ਜੇਲ੍ਹ 'ਚ ਬੰਦ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਰੂਪਨਗਰ 'ਚ ਕਿਸੇ ਵੀ ਤਰ੍ਹਾਂ ਦੀ ਗੈਰ-ਕਾਨੂੰਨੀ ਗਤੀਵਿਧੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਅਮਨ-ਸ਼ਾਂਤੀ ਵਿਗਾੜਨ ਵਾਲੇ ਵਿਅਕਤੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਅਜੀਤ ®©
09-Apr-2022
Page: 5
http://epaper.ajitjalandhar.com/edition/20220409/10/5.cms